# ਗੁੜਗਾਵਾਂ ਵਿਚ ਹਾਂਡਾ ਮਜ਼ਦੂਰਾਂ ਦੀ ਸ਼ਾਨਦਾਰ ਜਦੋਜਹਿਦ - ਮੁਜ਼ਾਹਰੇ ਉਤੇ ਪੁਲਿਸ ਦਾ ਅੰਨ੍ਹਾਂ ਤਸ਼ੱਦਦ

ਖ਼ਬਰਾਂ ਮਿਲਿਆਂ ਹਨ ਕਿ ੨੫ ਜੁਲਾਈ ਨੂੰ ਹਰਿਆਨਾ ਦੇ ਸ਼ਹਿਰ ਗੁੜਗਾਵਾਂ ਵਿਚ ਪੁਲਿਸ ਨੇ ਹਾਂਡਾ ਆਟੋਮਬਾਈਲ ਕੰਪਨੀ ਦੇ ਮਜ਼ਦੂਰਾਂ ਦੇ ਇਕ ਮੁਜ਼ਾਹਰੇ ਉੱਤੇ ਅੰਨ੍ਹਾ ਤਸ਼ੱਦਦ ਕੀਤਾ ਜਿਸ ਵਿਚ ਸੈਂਕੜੇ ਮਜ਼ਦੂਰ ਜ਼ਖ਼ਮੀ ਹੋਏ ਦੱਸੇ ਜਾਂਦੇ ਹਨ। ਦੱਸਿਆ ਜਾਂਦਾ ਹੈ ਕਿ ਹਾਂਡਾ ਕੰਪਨੀ ਦੇ ਮਜ਼ਦੂਰ ਆਪਣੀ ਫੈਕਟਰੀ ਵਿਚ ਯੂਨੀਅਨ ਬਣਾਉਣ ਦੀ ਮੰਗ ਲੈ ਕੇ ਕਈ ਚਿਰ ਦੇ ਜੱਦੋ-ਜਹਿਦ ਕਰ ਰਹੇ ਸਨ। ਮਾਲਕਾਂ ਨੇ ਸੈਂਕੜੇ ਮਜ਼ਦੂਰਾਂ ਨੂੰ ਕੰਮ ਤੋਂ ਕੱਢ ਦਿਤਾ। ਕੱਢੇ ਹੋਏ ਮਜ਼ਦੂਰ ਸਾਥੀਆਂ ਨੂੰ ਨੌਕਰੀ ਤੇ ਬਹਾਲ ਕਰਾਉਣ ਦੀ ਮੰਗ ਦੀ ਹਿਮਾਇਤ ਵਿਚ ਮਜ਼ਦੂਰ ਕੱਲ੍ਹ ਇਕ ਮੁਜ਼ਾਹਰਾ ਕਰ ਰਹੇ ਸਨ। ਪੁਲਿਸ ਨੇ ਭੜਕਾਊ ਕਾਰਵਾਈਆਂ ਕੀਤੀ ਆਂ ?ਤਾਂ ਮਜ਼ਦੂਰਾਂ ਦੀਆਂ ਪੁਲਿਸ ਨਾਲ ਝੜਪਾਂ ਵੀ ਹੋਈਆਂ। ਉਸ ਵੇਲੇ ਪੁਲਿਸ ਪਿਛੇ ਹੱਟ ਗਈ ਪਰ ਚਾਰ ਘੰਟੇ ਦੇ ਮੁਜ਼ਾਹਰੇ ਬਾਅਦ ਜਦੋਂ ਮਜ਼ਦੂਰ ਮਿਨੀ ਸੈਕਟਰੀਏਟ ਦੇ ਬਾਹਰ ਇਕ ਜਲਸਾ ਕਰ ਰਹੇ ਸੀ ਤਾਂ 3000 ਤੋਂ ਬਹੁਤੀ ਪੁਲਿਸ ਦੀ ਇਕ ਵੱਡੀ ਧਾੜ ਉਨ੍ਹਾਂ ਉੱਤੇ ਲਾਠੀਆਂ ਲੈ ਕੇ ਟੁੱਟ ਪਈ। ਪੁਲਿਸ ਦੇ ਇਸ ਵਹਿਸ਼ੀ ਤੇ ਖ਼ੂੰਖ਼ਾਰ ਹਮਲੇ ਦੇ ਮੁਕਾਬਲੇ ਵਿਚ ਨਿਹੱਥੇ ਮਜ਼ਦੂਰਾਂ ਨੇ ਆਪਣੇ ਬਚਾਅ ਲਈ ਇਸ ਹਮਲੇ ਦਾ ਮੁਕਾਬਲਾ ਕਰਨ ਦੀ ਕੋਸ਼ਿਸ਼ ਕੀਤੀ ਪਰ ਹਥਿਆਰਬੰਦ ਪੁਲਿਸ ਨੇ ਸੈਂਕੜੇ ਮਜ਼ਦੂਰਾਂ ਨੂੰ ਲਾਠੀਆਂ ਨਾਲ ਕੁੱਟ ਕੁਟ ਕੇ ਜ਼ਖ਼ਮੀ ਕਰ ਦਿਤਾ। ਦਸਿਆ ਜਾਂਦਾ ਹੈ ਕਿ ਪੁਲਿਸ ਵਲੋਂ ਇਹ ਹਮਲਾ ਹਰਿਆਣੇ ਦੇ ਮੁੱਖ ਮੰਤਰੀ ਦੀ ਸ਼ਹਿ ਨਾਲ ਕੀਤਾ ਗਿਆ ਸੀ। ਇਸ ਹਮਲੇ ਵਿਚ ਸੀ.ਪੀ.ਆਈ. ਦੇ ਇਕ ਪਾਰਲੀਮੈਂਟ ਦੇ ਮੈਂਬਰ ਨੂੰ ਵੀ ਸੱਟਾਂ ਲੱਗੀਆਂ। ਮਜ਼ਦੂਰਾਂ ਉੱਤੇ ਪੁਲਿਸ ਦੇ ਇਸ ਵਹਿਸ਼ੀ ਹਮਲੇ ਬਾਰੇ ਪਾਰਲੀਮੈਂਟ ਦੇ ਮਾਨਸੂਨ ਇਜਲਾਸ ਵਿਚ ਵੀ ਬਹੁਤ ਰੌਲਾ ਪਿਆ ਹੈ। ਵਿਰੋਧੀ ਦਲਾਂ ਦੇ ਕੁਝ ਮੈਂਬਰਾਂ ਨੇ ਇਸ ਹਮਲੇ ਨੂੰ ਜਲ੍ਹਿਆਂ ਵਾਲਾ ਬਾਗ ਦੇ ਹਮਲੇ ਨਾਲੋਂ ਵੀ ਜ਼ਿਆਦਾ ਵਹਿਸ਼ੀਆਨਾ ਦੱਸਿਆ ਹੈ। ਸ਼ਰਮੋ-ਸ਼ਰਮੀ ਕਾਂਗਰਸ ਦੀ ਪ੍ਰਧਾਨ ਸੋਨੀਆ ਗਾਂਧੀ ਅਤੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਵੀ ਆਪਣੀ ਚਹੇਤੀ ਪੁਲਿਸ ਦੀ ਇਸ ਵਹਿਸ਼ੀ ਕਰਤੂਤ ਉੱਤੇ ਅਫਸੋਸ ਜ਼ਾਹਰ ਕਰਨ ਅਤੇ ਮਗਰਮੱਛ ਦੇ ਹੰਝੂ ਕੇਰਨ ਲਈ ਮਜਬੂਰ ਹੋਣਾ ਪਿਆ ਜਿਸ ਪੁਲਿਸ ਨੂੰ ਕਾਇਮ ਕਰਕੇ ਦੇਣ ਲਈ ਉਹ ਆਕਸਫ਼ੋਰਡ ਵਿਚ ਹਾਲੇ ਪਿਛਲੇ ਹਫ਼ਤੇ ਹੀ ਬਰਤਾਨਵੀ ਰਾਜ ਦੀਆਂ ਬੜੀ ਬੇਸ਼ਰਮੀ ਨਾਲ ਸਿਫ਼ਤਾਂ ਕਰਕੇ ਆਇਆ ਸੀ। ਜਿਸ ਵੇਲੇ ਉਹ ਆਪਣੀ ਮਜ਼ਦੂਰ ਹਮਦਰਦੀ ਦਾ ਇਹ ਸਾਰਾ ਨਾਟਕ ਕਰ ਰਹੇ ਸਨ, ਖ਼ਬਰਾਂ ਹਨ ਕਿ, ਉਸੇ ਵੇਲੇ ਹਸਪਤਾਲ ਵਿਚ ਦਾਖ਼ਲ ਜ਼ਖ਼ਮੀ ਮਜ਼ਦੂਰਾਂ ਦੀ ਖ਼ਬਰ ਸਾਰ ਲੈਣ ਆਏ ਪਰਿਵਾਰਾਂ ਦੇ ਮੈਂਬਰਾਂ ਅਤੇ ਸਾਥੀਆਂ ਉੱਤੇ ਪੁਲਿਸ ਨੇ ਅੱਜ ਫਿਰ (੨੬ ਜੁਲਾਈ ਨੂੰ) ਵਹਿਸ਼ੀ ਹਮਲਾ ਕੀਤਾ ਜਿਹਦਾ ਹਸਪਤਾਲ ਵਿਚ ਇਕੱਠੇ ਹੋਏ ਲੋਕਾਂ ਨੇ ਡੱਟ ਕੇ ਜੁਆਬ ਦਿਤਾ। ਇਸ ਵਿਚ ਔਰਤਾਂ ਨੇ ਬਹੁਤ ਹੀ ਖਾੜਕੂ ਰੋਲ ਕੀਤਾ।

ਗੁੜਗਾਵਾਂ ਵਿਚ ਮਜ਼ਦੂਰਾਂ ਉੱਤੇ ਪੁਲਿਸ ਦਾ ਇਹ ਹਮਲਾ ਹਿੰਦੁਸਤਾਨੀ ਰਾਜ ਤੰਤਰ ਦੇ ਲੋਕ-ਵਿਰੋਧੀ ਖ਼ਾਸੇ ਦੀ ਅਸਲੀਅਤ ਨੂੰ ਹੀ ਜ਼ਾਹਿਰ ਕਰਦਾ ਹੈ। ਇਕ ਪਾਸੇ ਹਿੰਦੁਸਤਾਨੀ ਸੰਵਿਧਾਨ ਵਿਚ ਅਤੇ ਕਾਨੂੰਨਾਂ ਵਿਚ ਭਾਵੇਂ ਕਿ ਮਜ਼ਦੂਰਾਂ ਨੂੰ ਯੂਨੀਅਨ ਬਣਾਉਣ ਦਾ ਹੱਕ ਕਾਗ਼ਜ਼ਾਂ ਉਤੇ ਲਿਖਿਆ ਜ਼ਰੂਰ ਮਿਲਦਾ ਹੈ ਪਰ ਅਮਲ ਵਿਚ ਸਟੇਟ ਵਲੋਂ ਇਸ ਹੱਕ ਦਾ ਵਿਰੋਧ ਡਾਂਗਾਂ ਅਤੇ ਗੋਲੀਆਂ ਨਾਲ ਕੀਤਾ ਜਾਂਦਾ ਹੈ। ਹਾਂਡਾ ਮੋਟਰ ਕੰਪਨੀ ਮਜ਼ਦੂਰਾਂ ਦੇ ਯੂਨੀਅਨ ਬਣਾਉਣ ਦੇ ਹੱਕ ਉਤੇ ਚਿਰਾਂ ਤੋਂ ਹਮਲੇ ਕਰਦੀ ਆਈ ਹੈ ਪਰ ਮੌਜੂਦਾ ਰਾਜਤੰਤਰ ਅਤੇ ਸਰਕਾਰ ਨੇ ਹਾਂਡਾ ਕੰਪਨੀ ਨੂੰ ਸੰਵਿਧਾਨ ਅਤੇ ਕਾਨੂੰਨ ਭੰਗ ਕਰਨ ਦੇ ਜੁਰਮ ਵਿਚ ਕੋਈ ਸਜ਼ਾ ਦੇਣ ਦੀ ਜੁਰਅਤ ਨਹੀਂ ਕੀਤੀ। ਹਾਂਡਾ ਕੰਪਨੀ ਦੇ ਇਸ ਮਜ਼ਦੂਰ ਵਿਰੋਧੀ ਰਵੱਈਏ ਦੀ ਹਿਮਾਇਤ ਸਰਕਾਰ ਨੇ ਕੀਤੀ ਹੈ। ਹਰਿਆਣਾ ਅਤੇ ਕੇਂਦਰੀ ਸਰਕਾਰ ਨੇ ਇਸ ਕੰਪਨੀ ਨੂੰ ਬਹੁਤ ਸਹੂਲਤਾਂ ਵੀ ਦਿੱਤੀਆਂ ਹੋਈਆਂ ਹਨ। ਸਰਕਾਰ ਦਾ ਕਹਿਣਾ ਹੈ ਕਿ ਇਹ ਸਹੂਲਤਾਂ ਇਸ ਨੇ ਹਾਂਡਾ ਅਤੇ ਹੋਰ ਵੱਡੀਆਂ ਕੰਪਨੀਆਂ ਨੂੰ ਬਾਹਰਲੇ ਮੁਲਕਾਂ ਤੋਂ ਪੂੰਜੀ ਲਾਉਣ ਲਈ ਦਿੱਤੀਆਂ ਹਨ ਅਤੇ ਜੇ ਇਨ੍ਹਾਂ ਨੂੰ ਸਹੂਲਤਾਂ ਨਾ ਦਿਤੀਆਂ ਗਈਆਂ ਤਾਂ ਆਪਣਾ ਸਰਮਾਇਆ ਇਹ ਕਿਸੇ ਹੋਰ ਮੁਲਕ ਵਿਚ ਲਾ ਦੇਣਗੀਆਂ ਅਤੇ ਸਾਡੇ ਮੁਲਕ ਦੀ ਡਿਵੈਲਪਮੈਂਟ ਨਹੀਂ ਹੋਵੇਗੀ।

ਅਸਲੀਅਤ ਤਾਂ ਇਹ ਹੈ ਕਿ ਹਿੰਦੁਸਤਾਨੀ ਰਾਜ ਤੰਤਰ ਇਨ੍ਹਾਂ ਕੰਪਨੀਆਂ ਨੂੰ ਵੱਧ ਤੋਂ ਵੱਧ ਮੁਨਾਫ਼ੇ ਬਣਾਉਣ ਲਈ ਮੌਕੇ ਦਿੰਦੇ ਸਮੇਂ ਲੋਕਾਂ ਦੇ ਹੱਕਾਂ ਦੀ ਕੋਈ ਪਰਵਾਹ ਨਹੀਂ ਕਰਦਾ। ਜਿਹੜੇ ਹੱਕ ਸੰਵਿਧਾਨ ਵਿਚ ਲਿਖੇ ਗਏ ਹਨ ਉਹ ਇਸ ਰਾਜ ਤੰਤਰ ਅਤੇ ਇਨ੍ਹਾਂ ਕੰਪਨੀਆਂ ਲਈ ਕਾਗਜ਼ ਤੇ ਲੱਗੀ ਸਿਆਹੀ ਤੋਂ ਵੱਧ ਕੁਝ ਨਹੀਂ ਹੈ। ਪੁਲਿਸ ਅਤੇ ਰਾਜ ਤੰਤਰ ਦੇ ਹੋਰ ਅਦਾਰੇ ਲੋਕਾਂ ਦੇ ਹੱਕਾਂ ਦੀ ਰਾਖੀ ਕਰਨ ਲਈ ਨਹੀਂ ਸਗੋਂ ਇਨ੍ਹਾਂ ਕੰਪਨੀਆਂ ਦੇ ਮੁਨਾਫ਼ਿਆਂ ਦੀ ਰਾਖੀ ਲਈ ਹਨ।

ਗੁੜਗਾਵਾਂ ਵਿਚ ਨਿਹੱਥੇ ਮਜ਼ਦੂਰਾਂ ਉਤੇ ਪੁਲਿਸ ਦਾ ਵਹਿਸ਼ੀਆਨਾ ਹਮਲਾ ਕੋਈ ਇੱਕਾ-ਦੁੱਕਾ ਵਾਰਦਾਤ ਨਹੀਂ। ਹਿੰਦੁਸਤਾਨੀ ਰਾਜਤੰਤਰ ਲੋਕਾਂ ਦੇ ਹੱਕਾਂ ਨੂੰ ਹਮੇਸ਼ਾ ਹੀ ਡੰਡੇ ਦੇ ਜ਼ੋਰ ਦਬਾਉਂਦਾ ਆਇਆ ਹੈ। ਲੋਕਾਂ ਦੀ ਹਰੇਕ ਇਨਸਾਫ ਪਸੰਦ ਮੰਗ ਅਤੇ ਹੱਕਾਂ ਲਈ ਜੱਦੋ-ਜਹਿਦ ਨੂੰ ਇਹ ਅਮਨ ਅਤੇ ਕਾਨੂੰਨ ਦਾ ਮਸਲਾ ਬਣਾ ਕੇ ਗੋਲੀ-ਸਿੱਕੇ ਦਾ ਸ਼ਿਕਾਰ ਬਣਾਉਂਦਾ ਆਇਆ ਹੈ। 17 ਜੁਲਾਈ ਨੂੰ ਦਿੱਲੀ ਵਿਖੇ ਇਕ ਹੋਰ ਮੁਜ਼ਾਹਰੇ, ਜਿਹਦੇ ਵਿਚ ਮਨੀਪੁਰ ਦੇ ਲੋਕਾਂ ਦੇ ਹੱਕਾਂ ਲਈ ਲੋਕ

ਆਵਾਜ਼ ਉਠਾ ਰਹੇ ਸਨ ਅਤੇ ਉਥੇ ਫੌਜ ਦੇ ਤਸ਼ੱਦਦ ਦੇ ਖ਼ਿਲਾਫ਼ ਇਕੱਠੇ ਹੋਏ ਸਨ, ਉੱਤੇ ਵੀ ਪੁਲਿਸ ਨੇ ਹਮਲਾ ਕੀਤਾ ਅਤੇ 100 ਤੋਂ ਜ਼ਿਆਦਾ ਲੋਕਾਂ ਨੂੰ ਹਿਰਾਸਤ ਵਿਚ ਲੈ ਲਿਆ ਸੀ।

ਗੁੜਗਾਵਾਂ ਅਤੇ ਹੋਰ ਸਾਰੇ ਹਿੰਦੁਸਤਾਨ ਦੇ ਮਜ਼ਦੂਰਾਂ ਨੂੰ ਅਤੇ ਹੋਰ ਦਬੇ ਕੁਚਲੇ ਅਤੇ ਹੱਕਾਂ ਲਈ ਲੜ ਰਹੇ ਲੋਕਾਂ ਨੂੰ ਇਕ ਮੁੱਠ ਹੋਕੇ ਇਕ ਨਵਾਂ ਰਾਜ ਤੰਤਰ, ਪਰਜਾ ਰਾਜ, ਕਾਇਮ ਕਰਨ ਦੀ  ਲੋੜ ਹੈ ਜਿਹੜਾ ਉਨ੍ਹਾਂ ਦੇ ਹੱਕਾਂ ਦੀ ਰਾਖੀ ਕਰੇ। ਜਿਹੜਾ ਰਾਜ ਤੰਤਰ ਉਨ੍ਹਾਂ ਦੇ ਹੱਕਾਂ ਉੱਤੇ ਵਹਿਸ਼ੀ ਹਮਲੇ ਜਥੇਬੰਦ ਕਰਦਾ ਹੈ ਉਸ ਰਾਜ ਤੰਤਰ ਦੀ ਲੋਕਾਂ ਨੂੰ ਕੋਈ ਲੋੜ ਨਹੀਂ। ਪਰਜਾ ਰਾਜ ਤੋਂ ਬਗੈਰ ਉਨ੍ਹਾਂ ਦੇ ਹੱਕਾਂ ਦੀ ਰਾਖੀ ਨਹੀਂ ਹੋ ਸਕਦੀ। ਸਾਰਿਆਂ ਨੂੰ ਇਕੱਠੇ ਹੋਕੇ ਪਰਜਾਰਾਜ ਦੀ ਕਾਇਮੀ ਲਈ ਡੱਟ ਕੇ ਕੰਮ ਕਰਨ ਦੀ ਲੋੜ ਹੈ। ਇਹ ਲੋੜ ਅੱਜ ਦੇ ਸਮੇਂ ਦੀ ਮੁਖ ਲੋੜ ਹੈ।